ਕੈਪਟਨ ਅਮਰਿੰਦਰ ਸਿੰਘ
ਮੁੱਖ ਮੰਤਰੀ ਪੰਜਾਬ
ਚੰਡੀਗੜ੍ਹ।

ਪੰਜਾਬ ਦੇ ਡਰੱਗਜ਼-ਸੰਕਟ ਬਾਰੇ 'ਚਿੱਟੇ ਵਿਰੁੱਧ ਕਾਲਾ ਹਫ਼ਤਾ' ਮੁਹਿੰਮ ਦੇ ਲੋਕਾਂ ਦੀ ਗੱਲ ਸੁਣਨ ਦੀ ਇੱਛਾ ਜ਼ਾਹਿਰ ਕਰਨ ਲਈ ਧੰਨਵਾਦ। ਦੱਸਣਾ ਚਾਹੁੰਦੇ ਹਾਂ, ਇਹ ਸਿਰਫ਼ ਕੋਈ ਭਾਵੁਕ ਅਤੇ ਵਕਤੀ ਕਿਸਮ ਦੀ 'ਸੋਸ਼ਲ-ਮੀਡੀਆ' ਲਹਿਰ ਨਹੀਂ। ਨਸ਼ਿਆਂ ਦੇ ਕਾਰਨ ਹੇਠਲੇ ਪੱਧਰ ਉੱਤੇ ਪੰਜਾਬ ਦਾ ਉਜਾੜਾ ਕਿਤੇ ਵੱਡਾ ਹੈ। ਆਪ ਜੀ ਦੇ ਸਰਕਾਰ ਦੇ ਪਿਛਲੇ ਸਵਾ ਸਾਲ ਦੇ ਕਾਰਜਕਾਲ ਦੌਰਾਨ ਇਸ ਸਬੰਧੀ ਚੁੱਕੇ ਗਏ ਕਦਮਾਂ ਨੂੰ ਵੇਖ ਕੇ ਲੋਕ ਮਹਿਸੂਸ ਕਰਦੇ ਹਨ ਕਿ ਜਾਂ ਤਾਂ ਆਪ ਦੀ ਸਰਕਾਰ ਇਸ ਮੁੱਦੇ ਪ੍ਰਤੀ ਗੰਭੀਰ ਨਹੀਂ। ਜਾਂ ਆਪ ਜੀ ਦੇ ਅਫ਼ਸਰ ਆਪ ਨੂੰ ਸਹੀ ਰਿਪੋਰਟਾਂ ਨਹੀਂ ਦੇ ਰਹੇ। ਜਿਸ ਕਰਕੇ ਸਥਿਤੀ ਇੱਥੋਂ ਤੱਕ ਆਣ ਪੁੱਜੀ ਹੈ ਕਿ ਲੋਕਾਂ ਨੂੰ ਆਪਣੀ ਹੀ ਚੁਣੀ ਹੋਈ ਸਰਕਾਰ ਦੇ ਖ਼ਿਲਾਫ਼ ਸੜਕਾਂ 'ਤੇ ਆਉਣਾ ਪੈ ਰਿਹਾ ਹੈ।

ਅਸੀਂ ਜਾਣਦੇ ਹਾਂ ਕਿ ਪੰਜਾਬ ਅੰਦਰ ਡਰੱਗ-ਸੰਕਟ ਦੇ ਮੁੱਦੇ ਉੱਤੇ ਆਪ ਜੀ ਨੂੰ ਸਲਾਹਾਂ ਦੇਣ ਲਈ ਆਪ ਜੀ ਕੋਲ ਅਨੇਕ ਸਿਆਣੇ ਅਫ਼ਸਰ ਹੋਣਗੇ। ਪੰਜਾਬ ਦੇ ਕਈ ਮਾਹਿਰ ਆਪ ਜੀ ਨੂੰ ਪਹਿਲਾਂ ਵੀ ਇਸ ਬਾਰੇ ਠੋਸ ਸੁਝਾਅ ਦੇ ਚੁੱਕੇ ਹਨ। ਸਮੱਸਿਆ ਨੂੰ ਨਜਿੱਠਣ ਲਈ ਅਮਲਾ-ਫੈਲਾ ਵੀ ਹੈ। ਫੇਰ ਵੀ ਸਮੱਸਿਆ ਸੁਲਝਣ ਦੀ ਬਜਾਏ ਵੱਧਦੀ ਜਾ ਰਹੀ ਹੈ। ਲੋਕ ਤਾਂ ਇਹ ਕਹਿ ਕੇ ਹੀ ਗੱਲ ਨਿਬੇੜ ਦਿੰਦੇ ਹਨ, ''ਸਰਕਾਰ ਵਿੱਚ ਪੁਲਿਟੀਕਲ ਵਿੱਲ ਦੀ ਘਾਟ ਹੈ।'' ਪਰ ਫੇਰ ਵੀ ਅਸੀਂ ਸੋਸ਼ਲ-ਮੀਡੀਆ ਅਤੇ ਫੋਨਾਂ/ਸੁਨੇਹਿਆਂ ਰਾਹੀਂ ਲੋਕਾਂ ਤੋਂ ਇਕੱਤਰ ਕੀਤੇ ਗਏ ਵਿਚਾਰ, ਸਰੋਕਾਰ ਅਤੇ ਸੁਝਾਅ ਤੁਹਾਡੇ ਨਾਲ ਸਾਂਝੇ ਕਰਨਾ ਚਾਹਾਂਗੇ। ਸ਼ਾਇਦ ਤੁਹਾਡੇ ਕੰਮ ਆ ਸਕਣ। ਅਤੇ ਤੁਸੀਂ ਵੇਖ ਸਕੋ ਕਿ ਡਰੱਗਜ਼ ਕਾਰਨ ਲੋਕ ਆਪ ਜੀ ਦੀ ਸਰਕਾਰ ਨਾਲ ਕਿੰਨੇ ਨਰਾਜ਼ ਹਨ। ਕੈਪਟਨ ਸਾਹਬ, ਹੋ ਸਕਦਾ ਹੈ ਤੁਹਾਨੂੰ ਲੋਕਾਂ ਦੇ ਇਹ ਵਿਚਾਰ ਖਰਵ੍ਹੇ ਲੱਗਣ। ਪਰ ਇਹ ਆਪਣੇ ਦੁਆਲੇ ਬੱਚੇ ਮਰਦੇ ਵੇਖ ਉਨ੍ਹਾਂ ਦੇ ਡਰ ਵਿੱਚੋਂ ਨਿਕਲੇ ਹਨ। ਜਿਸ ਕਰਕੇ ਬੱਚਿਆਂ ਵਰਗੇ ਸੱਚੇ ਹਨ। ਬਤੌਰ 'ਆਗੂ' ਤੁਹਾਡੇ ਲਈ ਤਾਂ ਇਹ ਇਸ ਕਰਕੇ ਵੀ ਕੀਮਤੀ ਹਨ ਕਿ ਅਕਸਰ 'ਆਗੂਆਂ' ਨੂੰ ਉਨ੍ਹਾਂ ਦੇ ਅਫ਼ਸਰ ਉਹੀ ਦੱਸਦੇ ਹਨ, ਜੋ ਸੁਣ ਕੇ ਉਹ ਖੁਸ਼ ਹੋ ਸਕਣ। ਉਹ ਨਹੀਂ, ਜੋ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ।

## ਪੰਜਾਬ ਅੰਦਰ ਡਰੱਗ ਸੰਕਟ ਬਾਰੇ ਲੋਕਾਂ ਦੇ ਸਰੋਕਾਰ, ਸੁਝਾਅ ਅਤੇ ਮੰਗਾਂ

1. ਲੋਕ ਸਪਸ਼ਟ ਰੂਪ ਵਿੱਚ ਮਹਿਸੂਸ ਕਰਦੇ ਅਤੇ ਕਹਿੰਦੇ ਹਨ ਕਿ ਨਸ਼ਿਆਂ ਦੇ ਮੁਹਾਜ਼ 'ਤੇ ਸਰਕਾਰ ਆਪਣੇ ਵਾਅਦੇ ਨਿਭਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਹੈ। ਪਿਛਲੀ ਸਰਕਾਰ ਦੇ ਕੁਝ ਮੰਤਰੀਆਂ ਅਤੇ ਪੁਲਿਸ ਅਫ਼ਸਰਾਂ ਉੱਤੇ ਸਿੰਥੈਟਿਕ ਡਰੱਗ ਦੇ ਕਾਰੋਬਾਰ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮ ਲੱਗੇ। ਸੰਸਾਰ ਪੱਧਰ ਉੱਤੇ ਪੰਜਾਬ ਦਾ ਨਾਂ ਉਛਲਿਆ। ਲੋਕਾਂ ਦੇ ਉਸੇ ਸੈਂਟੀਮੈਂਟਸ ਨੂੰ ਕੈਸ਼ ਕਰਕੇ ਸੂਬੇ ਵਿੱਚ ਤੁਹਾਡੀ ਸਰਕਾਰ ਬਣੀ। ਆਪ ਜੀ ਨੇ ਧਾਰਮਿਕ ਸਹੁੰ ਚੁੱਕ ਕੇ ਚਾਰ ਹਫ਼ਤਿਆਂ ਵਿੱਚ ਨਸ਼ਿਆਂ ਦਾ ਲੱਕ ਤੋੜ ਦੇਣ ਦਾ ਵਾਅਦਾ ਕੀਤਾ। ਇਸ ਲਈ ਲੋਕਾਂ ਨੂੰ ਤੁਹਾਡੇ ਤੋਂ ਬਹੁਤ ਵੱਡੀਆਂ ਉਮੀਦਾਂ ਸਨ। ਪਰ ਹੋਇਆ ਕੁਝ ਵੀ ਨਹੀਂ। ਜਿਸ ਕਰਕੇ ਅੱਕੇ ਹੋਏ ਲੋਕ ਇੱਥੋਂ ਤੱਕ ਵੀ ਕਹਿ ਦਿੰਦੇ ਹਨ ਕਿ ''ਸੂਬੇ ਵਿੱਚ ਸਰਕਾਰ ਬਦਲੀ ਹੀ ਨਹੀਂ।'' ਸਿਰਫ਼ ਆਮ ਲੋਕ ਨਹੀਂ, ਤੁਹਾਡੀ ਆਪਣੀ ਪਾਰਟੀ ਦੇ ਬਹੁਤੇ ਲੋਕ ਇਸ ਕਰਕੇ ਮਯੂਸੀ ਅਤੇ ਨਮੋਸ਼ੀ ਮਹਿਸੂਸ ਕਰਦੇ ਹਨ।

   ਮਾਣਯੋਗ ਕੈਪਟਨ ਸਾਹਬ, ਅਕਸਰ ਤੁਹਾਡੀ ਸਰਕਾਰ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਅਨੇਕ ਨਸ਼ਾ-ਤਸਕਰ ਗਰਿਫ਼ਤਾਰ ਕੀਤੇ ਗਏ ਹਨ। ਪਰ ਲੋਕਾਂ ਦਾ ਮੰਨਣਾ ਹੈ ਕਿ ਉਹ ਤਸਕਰ ਨਹੀਂ, ਛੋਟੇ-ਮੋਟੇ ਨਸ਼ੇੜੀ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿੱਚ ਪਹੁੰਚਾ ਕੇ ਤੁਹਾਡੀ ਪੁਲਿਸ ਤੁਹਾਨੂੰ ਗੁੰਮਰਾਹ ਕਰ ਰਹੀ ਹੈ। ਜਿਸ ਨਾਲ ਸੂਬੇ ਦੇ ਲੋਕਾਂ ਦਾ ਤੁਹਾਡੀ ਸਰਕਾਰ ਤੋਂ ਭਰੋਸਾ ਹੋਰ ਘਟਿਆ ਹੈ। ਫੇਰ ਜਿਵੇਂ ਐਸ. ਆਈ. ਟੀ. ਬਣਾ ਕੇ ਉਸਦੇ ਖੰਭ ਵੱਢੇ ਗਏ, ਲੋਕਾਂ ਅੰਦਰ ਸਰਕਾਰ ਦੀ ਮੰਸ਼ਾ ਉੱਤੇ ਸ਼ੱਕ ਦਾ ਮਹੌਲ ਹੈ।

   ਇਸ ਤੋਂ ਇਲਾਵਾ ਆਪ ਜੀ ਨੇ ਕੱਲ੍ਹ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਜੋ ਫੈਸਲੇ ਲਏ ਹਨ, ਉਨ੍ਹਾਂ ਨੇ ਲੋਕਾਂ ਨੂੰ ਕੋਈ ਖ਼ਾਸ ਧਰਵਾਸ ਨਹੀਂ ਦਿੱਤੀ। ਸਿਵਾਏ ਇਸਦੇ ਕਿ ਸਰਕਾਰ ਐਕਸ਼ਨ ਵਿੱਚ ਆਈ ਹੈ। ਕਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਫਾਂਸੀ ਦੀ ਸਜ਼ਾ ਪਹਿਲਾਂ ਹੀ ਐਨ. ਡੀ. ਪੀ. ਐਸ. ਐਕਟ ਵਿੱਚ ਹੈ। ਦੂਜਾ ਇਸ ਐਕਟ ਵਿੱਚ ਕਿਸੇ ਵੀ ਤਰ੍ਹਾਂ ਦੀ ਕਿਸੇ ਅਮੈਂਡਮੈਂਟ ਨੂੰ ਕੇਂਦਰ ਤੋਂ ਪਾਸ ਕਰਾਉਣਾ ਇੱਕ ਲੰਬਾ ਅਤੇ ਗੈਰ-ਯਕੀਨੀ ਕੰਮ ਹੈ। ਫੇਰ ਫਾਂਸੀ ਤਾਂ ਕਿਸੇ ਨੂੰ

ਤਾਂਹੀ ਲੱਗੇਗੀ ਜੇ ਕੋਈ ਫੜ੍ਹਿਆ ਜਾਏਗਾ। ਸਗੋਂ ਲੋਕਾਂ ਨੂੰ ਖ਼ਦਸ਼ਾ ਹੈ ਕਿ ਕੁਝ ਛੋਟੇ-ਮੋਟੇ ਪੱਧਰ ਦੇ ਨਸ਼ੇੜੀ ਫਾਹੇ ਟੰਗੇ ਜਾਣਗੇ, ਵੱਡੇ ਤਸਕਰਾਂ ਨੂੰ ਫੇਰ ਕੁਝ ਨਹੀਂ ਹੋਣਾ। ਦੂਜਾ, ਮੋਗਾ ਦੇ ਪੁਲਿਸ ਮੁਖੀ ਸ੍ਰੀ ਰਾਜਜੀਤ ਸਿੰਘ ਨੂੰ ਬਦਲ ਕੇ ਜਿਸ ਅਫ਼ਸਰ ਨੂੰ ਲਾਇਆ ਗਿਆ ਹੈ, ਅੱਜ ਦੇ ਅਖ਼ਬਾਰਾਂ ਨੇ ਉਨ੍ਹਾਂ ਦੇ ਰਿਕਾਰਡ ਉਤੇ ਵੀ ਗੰਭੀਰ ਸਵਾਲ ਖੜੇ ਕੀਤੇ ਹਨ। ਹਾਲਾਂਕਿ ਮੋਗਾ ਜਿਲ੍ਹਾ ਨਸ਼ਿਆਂ ਪੱਖੋਂ ਇੱਕ ਸੰਵੇਦਨਸ਼ੀਲ ਜਿਲ੍ਹਾ ਮੰਨਿਆ ਜਾਂਦਾ ਹੈ। ਲੋਕ ਸੋਚਣ ਲੱਗੇ ਹਨ ਕਿ ਕੀ ਸਰਕਾਰ ਕੋਲ ਕੋਈ ਇਮਾਨਦਾਰ ਅਫ਼ਸਰ ਬਚਿਆ ਨਹੀਂ ਜਾਂ ਸਰਕਾਰ ਉਨ੍ਹਾਂ ਨੂੰ ਲਾਉਣਾ ਨਹੀਂ ਚਾਹੁੰਦੀ। ਅਜਿਹੀ ਸਥਿਤੀ ਵਿੱਚ ਇਹ ਕਾਰਵਾਈਆਂ ਲੋਕਾਂ ਉਤੇ ਕੀ ਅਸਰ ਪਾਉਣਗੀਆਂ, ਇਹ ਆਪ ਜੀ ਦੇ ਸੋਚਣ ਵਾਲਾ ਮੁੱਦਾ ਹੈ।

ਲੋਕਾਂ ਦੀ ਵੱਡੀ ਮੰਗ ਹੈ ਕਿ 'ਮੱਖੀਆਂ ਨਹੀਂ, ਮੱਛੀਆਂ ਫੜੋ।'' ਰੈਕੇਟ ਵਿੱਚ ਸ਼ਾਮਿਲ ਰਾਜਨੀਤਕ ਲੋਕ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਚੋਣਾਂ ਵੇਲੇ ਕੀਤੇ ਗਏ ਵਾਅਦੇ ਮੁਤਾਬਕ ਤੁਸੀਂ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕਰੋ। 'ਸਿਟ' ਅਤੇ 'ਚਟੋਪਾਧਿਆਏ' ਜਿਹੀਆਂ ਰਿਪੋਰਟਾਂ ਜਨਤਕ ਕੀਤੀਆਂ ਜਾਣ। ਲੋਕਾਂ ਦੀ ਮੰਗ ਹੈ ਕਿ ਜੇ ਐਸ. ਟੀ. ਐਫ਼ ਬਣਾਈ ਗਈ ਹੈ ਤਾਂ ਇਸਨੂੰ ਖੁੱਲ੍ਹ ਕੇ ਕੰਮ ਕਰਨ ਦਿੱਤਾ ਜਾਵੇ। ਅਤੇ ਇਸ ਵਿੱਚ ਇੱਕ ਉੱਚ ਪੱਧਰ ਦੀ ਲੇਡੀ-ਅਫ਼ਸਰ ਨਿਯੁਕਤ ਕੀਤੀ ਜਾਵੇ ਕਿਉਂਕਿ ਪੰਜਾਬ ਅੰਦਰ ਡਰੱਗ–ਪੀੜ੍ਹਤ ਕੁੜੀਆਂ ਅਤੇ ਔਰਤਾਂ ਵੀ ਸਾਹਮਣੇ ਆ ਰਹੀਆਂ ਹਨ।

2. ਇਸ ਸੰਕਟ ਨਾਲ ਜੁੜਿਆ ਸਭ ਤੋਂ ਡਰਾ ਦੇਣ ਵਾਲਾ ਪਹਿਲੂ ਇਹ ਹੈ, ਲੋਕਾਂ ਦਾ ਬਹੁਤ ਵੱਡਾ ਤਬਕਾ ਇਹ ਮਹਿਸੂਸ ਕਰਦਾ ਹੈ ਕਿ ਪੰਜਾਬ ਅੰਦਰ ਫੈਲੇ ਡਰੱਗ ਕਾਰੋਬਾਰ ਵਿੱਚ ਪੰਜਾਬ ਪੁਲਿਸ ਦੇ ਕਈ ਅਫ਼ਸਰਾਂ ਦੀ ਵੱਡੀ ਭਾਗੀਦਾਰੀ ਹੈ, ਜਿਨ੍ਹਾਂ ਨੂੰ ਰਾਜਸੀ ਸਰਪ੍ਰਸਤੀ ਹਾਸਿਲ ਹੈ। ਵਾਰ-ਵਾਰ ਪੁਲਿਸ ਅਫ਼ਸਰਾਂ ਉਤੇ ਅਜਿਹੇ ਇਲਜ਼ਾਮ ਲੱਗੇ ਹਨ। ਵੀਡੀਓ ਅਤੇ ਹੋਰ ਸਬੂਤ ਸਾਹਮਣੇ ਆਏ ਹਨ। ਇਨਕੁਆਰੀਆਂ ਹੋਈਆਂ ਹਨ ਪਰ ਉਨ੍ਹਾਂ ਦਾ ਕੁਝ ਨਹੀਂ ਵਿਗੜਿਆ। ਉਹ ਹਾਲੇ ਵੀ ਸ਼ਾਨ ਅਤੇ ਆਕੜ ਨਾਲ ਅਹੁਦਿਆਂ 'ਤੇ ਕਾਇਮ ਨੇ। ਉਨ੍ਹਾਂ ਨੂੰ ਵੇਖ-ਵੇਖ ਪੰਜਾਬ ਪੁਲਿਸ ਦੇ ਇਮਾਨਦਾਰ ਅਫ਼ਸਰਾਂ ਦੇ ਹੌਸਲੇ ਡਿੱਗੇ ਹੋਏ ਹਨ। ਅਨੇਕ ਪਿੰਡਾਂ ਦੀਆਂ ਪੰਚਾਇਤਾਂ ਦਾ ਦੋਸ਼ ਹੈ ਕਿ ਉਹ ਡਰੱਗ-ਤਸਕਰ ਫੜ੍ਹ ਕੇ ਥਾਣੇ ਦੇ ਕੇ ਆਏ। ਪਰ ਪੁਲਿਸ ਨੇ ਉਨ੍ਹਾਂ ਨੂੰ ਬਾਇੱਜ਼ਤ ਛੱਡ ਦਿੱਤਾ। ਜਿਸ ਕਰਕੇ ਕਈ ਪਿੰਡਾਂ ਦੇ ਇਮਾਨਦਾਰ ਲੋਕ ਨਾ ਸਿਰਫ਼ ਡਰੱਗ-ਤਸਕਰਾਂ ਨਾਲ ਵਿਰੋਧ ਸਹੇੜ ਬੈਠੇ ਸਗੋਂ ਅੱਗੋਂ ਲਈ ਚੁੱਪ ਹੋ ਕੇ ਬੈਠ ਗਏ।

ਲੋਕਾਂ ਦੀ ਮੰਗ ਹੈ, ਪੰਜਾਬ ਪੁਲਿਸ ਨੂੰ ਵੱਡੇ ਫੇਰ-ਬਦਲ ਦੀ ਲੋੜ ਹੈ। ਇਮਾਨਦਾਰ ਅਫ਼ਸਰਾਂ ਨੂੰ ਅੱਗੇ ਲਿਆਇਆ ਜਾਵੇ ਤੇ ਦਾਗੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜਿਸ ਵੀ ਅਫ਼ਸਰ ਖਿਲਾਫ਼ ਡਰੱਗ-ਰੈਕੇਟ ਨਾਲ ਸਬੰਧਤ ਹੋਣ ਦੇ ਸਬੂਤ ਸਾਹਮਣੇ ਆਉਂਦੇ ਹਨ, ਉਸਨੂੰ ਨਾ ਸਿਰਫ ਤੁਰੰਤ ਬਰਖ਼ਾਸਤ ਕੀਤਾ ਜਾਵੇ ਸਗੋਂ ਉਸ ਖਿਲਾਫ਼ ਪਰਚਾ ਦਰਜ ਕੀਤਾ ਜਾਵੇ। ਉਸ ਕੋਲੋਂ ਸਾਰੀਆਂ ਸਹੂਲਤਾਂ ਵਾਪਿਸ ਲੈ ਲਈਆਂ ਜਾਣ ਅਤੇ ਉਸਨੂੰ ਆਮ ਲੋਕਾਂ ਵਾਂਗ ਕੋਰਟਾਂ-ਕਚਹਿਰੀਆਂ ਭੁਗਤਣ ਲਈ ਛੱਡਿਆ ਜਾਵੇ। ਇਲਾਕੇ ਵਿੱਚ ਨਸ਼ਿਆਂ ਲਈ ਪੁਲਿਸ ਅਫ਼ਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ। ਆਮਦਨ ਤੋਂ ਕਿਤੇ... ਕਿਤੇ ਜ਼ਿਆਦਾ ਜਾਇਦਾਦਾਂ ਬਣਾਈ ਬੈਠੇ ਅਫ਼ਸਰਾਂ ਦੀ ਜਾਂਚ ਦਾ ਜ਼ਿੰਮਾ ਬਿਨਾਂ ਦੇਰੀ ਸੀ. ਬੀ. ਆਈ. ਵਰਗੀ ਸੰਸਥਾ ਨੂੰ ਦਿੱਤਾ ਜਾਵੇ।

ਲੋਕਾਂ ਦੀ ਇਹ ਵੀ ਮੰਗ ਅਤੇ ਸੁਝਾਅ ਹੈ ਕਿ ਨਸ਼ੇ ਦੇ ਕੇਸਾਂ ਅਤੇ ਸ਼ਿਕਾਇਤਾਂ ਨੂੰ ਨਜਿੱਠਣ ਲਈ ਬਾਕਾਇਦਾ ਇੱਕ ਟ੍ਰਿਬਿਊਨਲ ਬਣਾਇਆ ਜਾਵੇ, ਜਿਸਦੀ ਅਗਵਾਈ ਮੌਜੂਦਾ ਜੱਜ ਕਰਨ। ਜਿਸ ਵਿੱਚ ਲੋਕ ਰਾਜਨੀਤਕ ਲੋਕਾਂ ਅਤੇ ਪੁਲਿਸ ਅਫ਼ਸਰਾਂ ਖਿਲਾਫ਼ ਸ਼ਿਕਾਇਤ ਵੀ ਕਰ ਸਕਣ। ਲੋਕਾਂ ਦੀ ਇਸ ਟ੍ਰਿਬਿਊਨਲ ਨੂੰ ਲਿਖੀ ਗਈ ਸਧਾਰਨ ਚਿੱਠੀ ਵੀ ਸ਼ਿਕਾਇਤ ਮੰਨ ਕੇ ਦੋਸ਼ੀਆਂ ਖਿਲਾਫ਼ ਕੇਸ ਚਲਾਇਆ ਜਾਵੇ।

ਲੋਕਾਂ ਦੀ ਮੰਗ ਹੈ ਕਿ ਖ਼ੁਦ ਮੁੱਖ-ਮੰਤਰੀ ਦਫ਼ਤਰ ਲੋਕਾਂ ਨੂੰ ਇੱਕ 24 ਘੰਟੇ ਚਾਲੂ ਰਹਿਣ ਵਾਲਾ ਫ਼ੋਨ-ਹੈਲਪ ਨੰਬਰ ਮੁਹੱਈਆ ਕਰਵਾਉਣ, ਜਿੱਥੇ ਲੋਕ ਡਰੱਗ ਕਾਰੋਬਾਰ ਦੀ ਸੂਚਨਾ ਦੇ ਸਕਣ। ਉਨ੍ਹਾਂ ਦੀ ਸੂਚਨਾ ਸਿਰਫ਼ ਮੁੱਖ-ਮੰਤਰੀ ਦਫ਼ਤਰ ਕੋਲ ਰਹੇ ਅਤੇ ਫੌਰੀ ਸ਼ਿਕਾਇਤਕਰਤਾ ਦੀ ਸੰਤੁਸ਼ਟੀ ਜੋਗੀ ਕਾਰਵਾਈ ਕੀਤੀ ਜਾਵੇ।

3. ਡਰੱਗਜ਼ ਨਾਲ ਜੋ ਵੀ ਮੌਤਾਂ ਹੋਈਆਂ ਹਨ, ਵੇਖਿਆ ਗਿਆ ਹੈ ਕਿ ਲੋਕ-ਲਾਜ ਤੋਂ ਡਰਦੇ ਬਹੁਤੇ ਪਰਿਵਾਰ ਇਨ੍ਹਾਂ ਮੌਤਾਂ ਨੂੰ ਲੁਕੋ ਗਏ। ਵਰਨਾ ਇਹ ਅੰਕੜਾ ਹੋਰ ਵੀ ਵੱਡਾ ਹੈ। ਕਈ ਥਾਈਂ ਪੁਲਿਸ ਅਤੇ ਡਾਕਟਰਾਂ ਨੇ ਵੀ ਅਜਿਹੀਆਂ ਮੌਤਾਂ ਨੂੰ ਕੁਦਰਤੀ ਮੌਤਾਂ ਦੱਸਿਆ।

ਲੋਕਾਂ ਦੀ ਮੰਗ ਹੈ, ਡਰੱਗ ਕਾਰਨ ਹੋਈ ਹਰ ਮੌਤ ਨੂੰ ਇੱਕ ਕਤਲ ਮੰਨਿਆ ਜਾਵੇ ਅਤੇ ਡਰੱਗ ਦੇਣ ਵਾਲੇ ਖਿਲਾਫ਼ ਕਤਲ ਦਾ ਪਰਚਾ ਦਰਜ ਕੀਤਾ ਜਾਵੇ।



B.S. PANNU

Hakam

4. ਇਸ ਸਮੱਸਿਆ ਦੇ ਅਨੇਕ ਮਾਹਿਰਾਂ ਦਾ ਕਹਿਣਾ ਹੈ ਕਿ ਪੁਲਿਸ ਨੇ ਜੋ ਲੋਕ ਫੜੇ ਉਹ ਤਸਕਰ ਨਹੀਂ ਨਸ਼ੇੜੀ ਹਨ। ਐਨ. ਡੀ. ਪੀ. ਐਸ. ਦੀ ਧਾਰਾ 37 ਦੇ ਅਨੁਸਾਰ ਉਨ੍ਹਾਂ ਨੂੰ ਜਮਾਨਤ ਨਹੀਂ ਮਿਲਦੀ ਤੇ ਉਹ ਜੇਲ੍ਹ ਪਹੁੰਚ ਜਾਂਦੇ ਹਨ। ਜਿੱਥੇ ਉਨ੍ਹਾਂ ਨੂੰ ਨਾ ਸਿਰਫ਼ ਨਸ਼ਾ ਮਿਲਦਾ ਹੈ, ਸਗੋਂ ਇਸਦੇ ਮਾਹਿਰ ਵੀ। ਜਿਸ ਕਰਕੇ ਉਹ ਇਸ ਦਲਦਲ ਅੰਦਰ ਹੋਰ ਡੂੰਘਾ ਧੱਸ ਜਾਂਦੇ ਹਨ। ਲੋਕਾਂ ਅੰਦਰ ਇਹ ਗੱਲ ਵੀ ਵੱਡੀ ਚਿੰਤਾ ਪੈਦਾ ਕਰਦੀ ਹੈ ਕਿ ਜੇ ਸਰਕਾਰ ਆਪਣੀਆਂ ਜੇਲ੍ਹਾਂ ਅੰਦਰ ਹੀ ਨਸ਼ਾ ਨਹੀਂ ਰੋਕ ਪਾ ਰਹੀ ਤਾਂ ਬਾਹਰ ਕੀ ਰੋਕੇਗੀ!

ਕਨੂੰਨੀ ਮਾਹਿਰਾਂ ਦਾ ਸੁਝਾਅ ਹੈ ਕਿ ਇਸ ਐਕਟ ਅੰਦਰ ਸੋਧ ਕੀਤੀ ਜਾਵੇ ਅਤੇ ਅਜਿਹੇ ਨਸ਼ੇੜੀਆਂ ਨੂੰ ਜ਼ਮਾਨਤ ਦੇ ਕੇ ਉਨ੍ਹਾਂ ਨੂੰ ਪ੍ਰਸ਼ਾਸਨ ਦੀ ਦੇਖ-ਰੇਖ ਵਿੱਚ ਨਸ਼ਾ-ਮੁਕਤੀ ਕੇਂਦਰਾਂ ਅਤੇ ਹਸਪਤਾਲਾਂ ਵਿੱਚ ਭੇਜਿਆ ਜਾਵੇ।

5. ਇਸ ਸਮੱਸਿਆ ਦੇ ਮਾਹਿਰਾਂ ਦਾ ਇਹ ਵੀ ਇਲਜ਼ਾਮ ਹੈ ਕਿ ਪੰਜਾਬ ਅੰਦਰ ਸਿੰਥੈਟਿਕ ਡਰੱਗ ਦੇ ਕਾਰੋਬਾਰ ਨੂੰ ਇੱਕ ਸੋਚੀ-ਸਮਝੀ ਪਲੈਨਿੰਗ ਤਹਿਤ ਫੈਲਾਇਆ ਗਿਆ ਹੈ। ਇਸ ਲਈ ਅਫ਼ੀਮ, ਭੁੱਕੀ ਜਿਹੇ ਰਵਾਇਤੀ ਅਤੇ ਘੱਟ ਮਾਰੂ ਨਸ਼ਿਆਂ ਖਿਲਾਫ਼ ਸਖ਼ਤੀ ਕਰਕੇ ਲੋਕਾਂ ਨੂੰ ਇਹ ਨਸ਼ਾ ਲੈਣ ਲਈ ਮਜਬੂਰ ਕੀਤਾ ਗਿਆ। ਇਸ ਨਾਲ ਵੱਡੇ ਪੱਧਰ ਉੱਤੇ ਪੰਜਾਬ ਦੀ ਜਵਾਨੀ ਦਾ ਘਾਣ ਹੋਇਆ। ਇਸ ਲਈ ਉਹ ਚਾਹੁੰਦੇ ਹਨ ਕਿ ਰਵਾਇਤੀ ਨਸ਼ਿਆਂ ਨੂੰ ਸਿੰਥੈਟਿਕ ਨਸ਼ਿਆਂ ਦੇ ਵਕਤੀ ਵਿਕਲਪ ਦੇ ਤੌਰ 'ਤੇ ਸਵੀਕਾਰ ਕੀਤਾ ਜਾਵੇ। ਪਰ ਇਹ ਵਿਸ਼ਾ ਸੰਵੇਦਨਸ਼ੀਲ ਹੈ।

ਇਸ ਲਈ ਸਾਡਾ ਸੁਝਾਅ ਹੈ ਕਿ ਰਾਜਨੀਤੀ, ਕਨੂੰਨ, ਪ੍ਰਸ਼ਾਸਨ, ਮਨੋਵਿਗਿਆਨ ਅਤੇ ਸਿਹਤ ਮਾਹਿਰਾਂ ਦਾ ਇੱਕ ਉੱਚ ਪੱਧਰਾ ਪੈਨਲ ਬਣਾ ਕੇ ਇਸ ਨੁਕਤੇ ਬਾਰੇ ਗੰਭੀਰ ਵਿਚਾਰ ਕੀਤਾ ਜਾਵੇ। ਇਸ ਵਿੱਚ ਚੋਣਵੇਂ ਅਕਾਦਮੀਸ਼ਿਅਨ ਅਤੇ ਸਿਵਿਲੀਅਨ ਵੀ ਸ਼ਾਮਿਲ ਕੀਤੇ ਜਾਣ। ਜੇ ਜਨਤਕ ਰਾਇ ਵੀ ਲਈ ਜਾ ਸਕੇ ਤਾਂ ਬਿਹਤਰ ਹੋਵੇਗਾ। ਇਸ ਨਾਲ ਡਰੱਗ ਸੰਕਟ ਉੱਤੇ ਕਾਬੂ ਪਾਉਣ ਲਈ ਇੱਕ ਠੋਸ, ਵਕਤੀ ਅਤੇ ਲੰਬੇ ਸਮੇਂ ਦੀਆਂ ਨੀਤੀਆਂ ਬਣਾਉਣ ਵਿੱਚ ਮਦਦ ਮਿਲੇਗੀ।

6. ਪੰਜਾਬ ਅੰਦਰ ਜਿਹੜੇ ਨਸ਼ਾ-ਛੁਡਾਊ ਕੇਂਦਰ ਹਨ, ਗਿਣਤੀ ਅਤੇ ਗੁਣਾਤਮਕ ਪੱਖੋਂ ਉਨ੍ਹਾਂ ਦੀ ਸਥਿਤੀ ਸਮੱਸਿਆ ਦੇ ਮੁਕਾਬਲੇ ਬਹੁਤ ਵਧੀਆ ਨਹੀਂ। ਕੁਝ ਕੇਂਦਰ ਬੜੀ ਜ਼ਿੰਮੇਵਾਰੀ ਨਾਲ ਵਧੀਆ ਕੰਮ ਕਰ ਰਹੇ ਹਨ ਪਰ ਉਨ੍ਹਾਂ ਨੂੰ ਅਮਲੇ ਅਤੇ ਸਾਧਨਾਂ ਦੀ ਭਾਰੀ ਘਾਟ ਹੈ।

ਲੋਕ ਚਾਹੁੰਦੇ ਹਨ ਕਿ ਪੰਜਾਬ ਅੰਦਰ ਅਜਿਹੇ ਕੇਂਦਰ ਹੋਰ ਖੋਲ੍ਹੇ ਜਾਣ ਅਤੇ ਉਨ੍ਹਾਂ ਵਿੱਚ ਆਧੁਨਿਕ ਕਿਸਮ ਦੇ ਸਾਧਨ ਉਪਲੱਬਧ ਹੋਣ। ਸਿਰਫ਼ ਕੇਂਦਰ ਹੀ ਨਹੀਂ, ਵੱਡੇ ਪੱਧਰ ਉੱਤੇ ਨਸ਼ਾ-ਛੁਡਾਊ ਕੈਂਪ ਲਗਾਏ ਜਾਣ, ਜਿਸ ਲਈ ਮਾਹਿਰਾਂ ਅਤੇ ਸਮਾਜ-ਸੇਵੀ ਸੰਸਥਾਵਾਂ ਦੀ ਮਦਦ ਲਈ ਜਾਵੇ। ਇਸ ਤੋਂ ਇਲਾਵਾ ਸਰਕਾਰ ਨਸ਼ੇ ਦੇ ਗੰਭੀਰ ਮਰੀਜ਼ਾਂ ਦੇ ਮੁਫ਼ਤ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਨੂੰ ਆਦੇਸ਼ ਜਾਰੀ ਕਰੇ। ਇਸ ਲਈ ਹਰ ਹਸਪਤਾਲਾਂ ਲਈ ਇੱਕ ਕੋਟਾ ਫ਼ਿਕਸ ਕੀਤਾ ਜਾ ਸਕਦਾ ਹੈ।

7. ਪੰਜਾਬ ਦੇ ਸਮਾਜ ਅਤੇ ਸਭਿਆਚਾਰ ਦੇ ਜਾਣੂੰਆਂ ਦਾ ਕਹਿਣਾ ਹੈ ਕਿ ਪਿਛਲੇ 10-12 ਸਾਲਾਂ ਵਿੱਚ ਇੱਕ ਸੋਚੀ-ਸਮਝੀ ਸਾਜਿਸ਼ ਤਹਿਤ ਪੰਜਾਬ ਵਿੱਚੋਂ ਸਭਿਆਚਾਰਕ ਅਤੇ ਖੇਡ-ਗਤੀਵਿਧੀਆਂ ਨੂੰ ਨਿਰੁਤਸਾਹਿਤ ਕੀਤਾ ਗਿਆ ਹੈ। ਕਿਸੇ ਵੇਲੇ ਸਭਿਆਚਾਰਕ ਅਤੇ ਖੇਡ-ਗਤੀਵਿਧੀਆਂ ਵਿੱਚ ਪੰਜਾਬ ਮੋਹਰੀ ਹੁੰਦਾ ਸੀ ਪਰ ਹੁਣ ਦੇ ਨਤੀਜੇ ਬਹੁਤ ਖਰਾਬ ਹਨ। ਇਸੇ ਤਰ੍ਹਾਂ ਪੰਜਾਬ ਦੇ ਸਕੂਲਾਂ ਅੰਦਰ ਬਿਨਾਂ-ਪੜ੍ਹੇ ਪਾਸ ਕਰਨ ਦੀ ਸਕੀਮ ਨੇ ਪੰਜਾਬ ਦੇ ਨੌਜਵਾਨਾਂ ਦਾ ਸੋਚ-ਪੱਧਰ ਬੁਰੀ ਤਰ੍ਹਾਂ ਖਰਾਬ ਕੀਤਾ ਹੈ। ਇਹ ਵੀ ਇੱਕ ਕਾਰਨ ਹੈ ਕਿ ਵੱਡੇ ਪੱਧਰ 'ਤੇ ਦਿਸ਼ਾਹੀਣ ਹੋ ਕੇ ਪੰਜਾਬੀ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਜਾ ਡਿੱਗੇ ਹਨ।

ਮਾਹਿਰਾਂ ਦਾ ਸੁਝਾਅ ਹੈ ਕਿ ਸਰਕਾਰ ਪੰਜਾਬ ਅੰਦਰ ਸਭਿਆਚਾਰਕ ਅਤੇ ਖੇਡ-ਗਤੀਵਿਧੀਆਂ ਨੂੰ ਉਤਸਾਹ ਦੇਣ ਲਈ ਵੱਡੇ ਪੱਧਰ ਉੱਤੇ ਸਕੀਮਾਂ ਬਣਾਵੇ ਅਤੇ ਲਾਗੂ ਕਰੇ। ਸ਼ਹਿਰਾਂ ਅਤੇ ਪਿੰਡਾਂ ਵਿੱਚ ਉੱਨਤ ਖੇਡ-ਸਟੇਡੀਅਮ, ਆਡੀਟੋਰੀਅਮ, ਲਾਇਬ੍ਰੇਰੀਆਂ ਬਣਾਈਆਂ ਜਾਣ। ਇਸ ਤੋਂ ਇਲਾਵਾ ਸਕੂਲ ਅਤੇ ਕਾਲਜ ਪੱਧਰ ਉੱਤੇ ਡਰੱਗਜ਼ ਬਾਰੇ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਣ ਅਤੇ ਇਸਨੂੰ ਇੱਕ ਸਬਜੈਕਟ ਵਜੋਂ ਸਕੂਲਾਂ-ਕਾਲਜਾਂ ਦੇ ਸਿਲੇਬਸਾਂ ਵਿੱਚ ਸ਼ਾਮਿਲ ਕੀਤਾ ਜਾਵੇ। ਜੇ ਆਉਂਦਾ ਇੱਕ ਸਾਲ ਪੰਜਾਬ ਦੇ ਵਿਦਿਅਕ ਅਦਾਰਿਆਂ ਵਿੱਚ 'ਡਰੱਗਜ਼ ਖਿਲਾਫ਼ ਵਰ੍ਹੇ' ਦੇ ਤੌਰ 'ਤੇ ਮਨਾਇਆ ਜਾ ਸਕੇ ਤਾਂ ਹੋਰ ਵੀ ਬਿਹਤਰ। ਇਸ ਲਈ ਉਚੇਚੇ ਪ੍ਰੋਗਰਾਮ ਪਲੈਨ ਕੀਤੇ ਜਾਣ।

ਮਾਹਿਰਾਂ ਦਾ ਸੁਝਾਅ ਹੈ, ਛੋਟੀਆਂ ਜਮਾਤਾਂ ਦੇ ਬੱਚਿਆਂ ਉੱਤੇ ਫ਼ੋਕਸ ਕਰਕੇ ਉਨ੍ਹਾਂ ਨੂੰ ਹੁਣੇ ਤੋਂ ਹੀ ਡਰੱਗਜ਼ ਦੇ ਖਿਲਾਫ਼ ਸੂਝ ਅਤੇ ਸਿੱਖਿਆ ਦਿੱਤੀ ਜਾਵੇ।



B.S. PANNU

Hakam

ਜੇ ਸਰਕਾਰ ਦਾ ਕੋਈ ਵਿਭਾਗ ਜਾਂ ਸਿੱਖਿਆ ਮਹਿਕਮਾ ਯੁਵਕਾਂ ਅੰਦਰ ਫੈਲ ਰਹੇ ਨਸ਼ੇ ਦੇ ਇਸ ਰੁਝਾਨ ਬਾਰੇ ਮਨੋਵਿਗਿਆਨਕ ਅਧਿਐਨ ਅਤੇ ਖੋਜ ਕਰਵਾ ਸਕੇ ਤਾਂ ਇਹ ਭਵਿੱਖ ਵਿੱਚ ਪੰਜਾਬ ਲਈ ਬਹੁਤ ਲਾਹੇਵੰਦ ਹੋਵੇਗਾ।

ਇਸ ਤੋਂ ਇਲਾਵਾ ਨਸ਼ਾ-ਛੁਡਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਕਲੱਬਾਂ ਅਤੇ ਸੰਸਥਾਵਾਂ ਨੂੰ ਵੱਡੀ ਮਾਲੀ ਗ੍ਰਾਂਟ ਅਤੇ ਸਰਪ੍ਰਸਤੀ ਦਿੱਤੀ ਜਾਵੇ।

8. ਲੋਕਾਂ ਅੰਦਰ ਇਸ ਗੱਲ ਕਰਕੇ ਵੀ ਭਾਰੀ ਰੋਸ ਹੈ ਕਿ ਪਿਛਲੇ ਦਿਨੀਂ ਪੰਜਾਬ ਅੰਦਰ ਡਰੱਗਜ਼ ਕਰਕੇ ਅਨੇਕ ਨੌਜਵਾਨ ਮਰੇ ਪਰ ਆਪ ਜੀ ਜਾਂ ਆਪ ਜੀ ਦੇ ਕਿਸੇ ਮੰਤਰੀ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਅਫ਼ਸੋਸ ਤੱਕ ਜ਼ਾਹਿਰ ਨਹੀਂ ਕੀਤਾ ਗਿਆ।

ਚਾਹੀਦਾ ਹੈ, ਤੁਹਾਡੇ ਮੰਤਰੀ ਅਜਿਹੇ ਪਰਿਵਾਰਾਂ ਵਿੱਚ ਜਾਣ ਅਤੇ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਮਦਦ ਦਿੱਤੀ ਜਾਵੇ।

ਸਤਿਕਾਰਯੋਗ ਕੈਪਟਨ ਸਾਹਬ, ਅਸੀਂ ਆਮ ਲੋਕ ਹਾਂ। ਸਾਡਾ ਕੋਈ ਪੁਲਿਟੀਕਲ ਏਜੰਡਾ ਨਹੀਂ। ਸਾਡਾ ਇੱਕ ਹੀ ਸਰੋਕਾਰ ਹੈ, ਪੰਜਾਬ ਵਿੱਚੋਂ ਡਰੱਗ ਦਾ ਕਾਰੋਬਾਰ ਖ਼ਤਮ ਹੋਵੇ। ਅਸੀਂ ਪੰਜਾਬ ਦੇ ਲੋਕ ਆਪਣੇ ਆਲੇ-ਦੁਆਲੇ ਮਰਦੇ ਬੱਚਿਆਂ ਨੂੰ ਵੇਖ ਕੇ ਆਪਣੇ ਬੱਚਿਆਂ ਲਈ ਫ਼ਿਕਰਮੰਦ ਹਾਂ। ਸਾਨੂੰ ਨਹੀਂ ਪਤਾ ਕਿ ਤੁਹਾਡੇ ਅਫ਼ਸਰਾਂ ਨੇ ਤੁਹਾਨੂੰ ਕੀ ਦੱਸਿਆ ਹੈ ਪਰ ਲੋਕਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਵੇਖ ਸਕਦੇ ਹੋ ਕਿ ਉਹ ਸੋਸ਼ਲ-ਮੀਡੀਆ ਉੱਤੇ ਮਾਰੀ ਗਈ ਛੋਟੀ ਜਿਹੀ ਅਵਾਜ਼ ਉੱਤੇ ਕਿਵੇਂ ਸੜਕਾਂ 'ਤੇ ਉਤਰਨ ਲਈ ਤਿਆਰ ਹੋ ਗਏ ਹਨ। ਪਰ ਤੁਹਾਨੂੰ ਪੰਜਾਬੀਆਂ ਦੀ ਸਲਾਘਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੇ ਪੂਰਨ ਜ਼ਾਬਤੇ ਵਿੱਚ ਰਹਿੰਦੇ ਹੋਏ ਉਸਾਰੂ ਢੰਗ ਨਾਲ ਆਪਣਾ ਵਿਰੋਧ ਦਰਜ ਕਰਾਇਆ ਹੈ। ਪਰ ਜੇ ਸਥਿਤੀ ਇਸੇ ਤਰ੍ਹਾਂ ਬਣਦੀ ਰਹੀ ਤਾਂ ਉਨ੍ਹਾਂ ਦਾ ਰੋਹ ਗਲਤ ਸ਼ਕਲ ਅਖ਼ਤਿਆਰ ਕਰ ਸਕਦਾ ਹੈ। ਅਤੀਤ ਵਿੱਚ ਕਈ ਪਿੰਡਾਂ ਵਿੱਚ ਲੋਕਾਂ ਨੇ ਕਨੂੰਨ ਨੂੰ ਹੱਥਾਂ ਵਿੱਚ ਲੈ ਕੇ ਤਸਕਰਾਂ ਉੱਤੇ ਕਾਤਿਲਾਨਾ ਹਮਲੇ ਕੀਤੇ ਹਨ। ਅਜਿਹੀ ਸਥਿਤੀ ਪੰਜਾਬ ਲਈ ਹੋਰ ਵੀ ਘਾਤਕ ਹੋਏਗੀ।

ਇਸ ਲਈ ਸਾਡੀ ਬੇਨਤੀ ਹੈ ਕਿ ਇਸ ਸਮੱਸਿਆ ਬਾਰੇ ਪੂਰੀ ਸੁਹਿਰਦਤਾ ਨਾਲ ਵਕਤੀ ਅਤੇ ਲੰਬੇ ਸਮੇਂ ਦੇ ਪਲਾਨ ਲੈ ਕੇ ਲੋਕਾਂ ਸਾਹਮਣੇ ਆਓ। ਇਸ ਸਮੱਸਿਆ ਨੂੰ ਖ਼ਤਮ ਕਰਨ ਲਈ ਅਸੀਂ ਆਪਣੀਆਂ ਸਰਕਾਰਾਂ ਦੀ ਜੋ ਮਦਦ ਕਰ ਸਕਦੇ ਹਾਂ, ਕਰਨ ਨੂੰ ਤਿਆਰ ਹਾਂ। ਪਰ ਬੇਨਤੀ ਹੈ ਕਿ ਇਸ ਲਈ ਤੁਹਾਡੀ ਸਰਕਾਰ ਦ੍ਰਿੜ ਇੱਛਾ-ਸ਼ਕਤੀ ਦਾ ਪ੍ਰਦਰਸ਼ਨ ਕਰੇ ਅਤੇ ਲੋਕਾਂ ਦਾ ਭਰੋਸਾ ਜਿੱਤਣ ਲਈ ਤੁਰੰਤ ਅਤੇ ਠੋਸ ਕਾਰਵਾਈਆਂ ਕਰੇ।

ਵੱਡੀਆਂ ਉਮੀਦਾਂ ਨਾਲ....

ਪੰਜਾਬ ਦੇ ਲੋਕ

ਮਿਤੀ 03-07-2018

B.S.Pannu